Alberta ਨਿਊਜ਼ ਰਿਲੀਜ਼

# ਮਨੁੱਖੀ ਤਸਕਰੀ ਦੇ ਵਿਰੁੱਧ ਲੜਾਈ ਨੂੰ ਤੇਜ਼ ਕਰਨਾਂ

02 ਅਕਤੂਬਰ 2022

## ਐਲਬਰਟਾ ਸਰਕਾਰ ਮਨੁੱਖੀ ਤਸਕਰੀ ਵਿਰੁੱਧ ਲੜਾਈ ਨੂੰ ਤੇਜ਼ ਕਰਨ ਲਈ ਆਉਂਦੇ ਚਾਰ ਸਾਲਾਂ ਦੌਰਾਨ ਨਵੇਂ ਫੰਡਾਂ ‘ਚ 20.8 ਮਿਲੀਅਨ ਡਾਲਰ ਦੀ ਵਚਨਬੱਧਤਾ ਜਤਾ ਰਹੀ ਹੈ।.

ਸੂਬਾਈ ਸਰਕਾਰ ਝਟਪਟ ਲਪੇਟ ‘ਚ ਆ ਸਕਣ ਵਾਲੇ ਐਲਬਰਟਾ ਨਿਵਾਸੀਆਂ ਦੀ ਚੰਗੇਰੀ ਸੁਰੱਖਿਆ ਅਤੇ ਮਦਦ ਵਾਸਤੇ ਅਤੇ ਤਸਕਰਾਂ ਦੇ ਹੱਥੋਂ ਹੁੰਦੇ ਉਨ੍ਹਾਂ ਦੇ ਸ਼ੋਸ਼ਣ ਨੂੰ ਰੋਕਣ ਵਾਸਤੇ ਐਲਬਰਟਾ ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸ ਦੀਆਂ ਪੰਜ ਸਿਫਾਰਸ਼ਾਂ ਨੂੰ ਲਾਗੂ ਕਰ  ਰਹੀ ਹੈ।

ਵਿਸ਼ੇਸ਼ ਤੌਰ ‘ਤੇ, ਫੰਡਿੰਗ:

- ਵਿਅਕਤੀਆਂ ‘ਚ ਹੁੰਦੀ ਤਸਕਰੀ ਵਿਰੁੱਧ ਲੜਾਈ ਲਈ ਦਫਤਰ (Office to Combat Trafficking in Persons) ਅਤੇ ਖੋਜ ਤੇ ਡੈਟਾ ਇਕੱਤਰ ਕਰਨ ਲਈ ਉੱਤਮ ਪ੍ਰਕਾਰ  ਦੇ ਸੈਂਟਰ ਦੀ ਸਥਾਪਨਾਂ ਕਰੇਗੀ।
- ਤਾਲਮੇਲ-ਯੁਕਤ ਕਮਿਊਨਿਟੀ ਸਹਾਇਤਾ ਅਤੇ ਮੂਲਵਾਸੀ ਕੇਂਦਰਿਤ ਅਤੇ ਸੱਭਿਆਚਾਰਕ ਤੌਰ ‘ਤੇ ਢੁਕਵੀਆਂ ਸੇਵਾਵਾਂ ਵਾਸਤੇ ਨਵੀਂ ਗਰਾਂਟ ‘ਚ ਸਹਾਇਤਾ ਕਰੇਗੀ।
- ਐਲਬਰਟਾ ਲਾਅ ਐਨਫੋਰਸਮੈਂਟ ਰਿਸਪਾਂਸ ਟੀਮਾਂ ਰਾਹੀਂ ਸਿਵਲ ਪੁਜ਼ੀਸ਼ਨਾਂ ਨੂੰ ਫੰਡ ਕਰੇਗੀ, ਜਿੰਨ੍ਹਾਂ ਦੇ ਰੋਲ ਜਾਂਚ-ਪੜਤਾਲ ਦੇ ਸਾਰੇ ਅਮਲ ਦੌਰਾਨ ਪੀੜਤਾਂ ਅਤੇ ਬਚ ਨਿਕਲੇ ਵਿਅਕਤੀਆਂ ਦੀ ਸਹਾਇਤਾ ਉੱਪਰ ਕੇਂਦਰਿਤ ਹੋਣਗੇ।
- ਟਾਸਕ ਫੋਰਸ ਦੀਆਂ ਹੋਰ ਸਬੰਧਤ ਸਿਫਾਰਸ਼ਾਂ ਨੂੰ ਸਹਿਯੋਗ ਸਹਿਤ ਲਾਗੂ ਕਰੇਗੀ।

ਜ਼ੁਰਮ ਦੇ ਲੁਕਵੇਂ ਰੂਪ, ਪੀੜਤਾਂ ਅਤੇ ਬਚ ਨਿਕਲਣ ਵਾਲੇ ਵਿਅਕਤੀਆਂ ‘ਚ ਉੱਚ-ਪੱਧਰ ਦੇ ਡਰ ਅਤੇ ਡੈਟਾ ਇਕੱਤਰ ਕਰਨ ਤੇ ਜਾਣਕਾਰੀ ਸਾਂਝੀ ਕਰਨ ‘ਚ ਦਰਪੇਸ਼ ਚੁਣੌਤੀਆਂ ਕਾਰਨ ਮਨੁੱਖੀ ਤਸਕਰੀ ਅੰਕੜਿਆਂ ਵੱਲੋਂ ਦਰਸਾਏ ਜਾਣ ਨਾਲੋਂ ਵਧੇਰੇ ਗਿਣਤੀ ‘ਚ ਪ੍ਰਚਲਤ ਹੈ। ਇਸੇ ਕਾਰਨ ਕਰਕੇ ਸਰਕਾਰ ਜਾਗਰੂਕਤਾ ਪੈਦਾ ਕਰਨ ਅਤੇ ਡੈਟਾ ਇਕੱਤਰ

Classification: Public

ਕਰਨ ਨੂੰ ਹੋਰ ਵਧਾਉਣ ਵਾਸਤੇ ਭਾਈਵਾਲਾਂ ਨਾਲ ਮਿਲਕੇ ਕੰਮ ਕਰਨ ਲਈ ਇੰਨ੍ਹਾਂ ਕਾਰਜਾਂ 'ਚ ਪੂੰਜੀ-ਨਿਵੇਸ਼ ਕਰ ਰਹੀ ਹੈ।

ਮਨੁੱਖੀ ਤਸਕਰੀ ਇਕ ਗੰਭੀਰ ਅਤੇ ਪੇਚੀਦਾ ਕਿਸਮ ਦਾ ਜ਼ੁਰਮ ਹੈ ਜਿਹੜਾ ਹਰ ਉਮਰ ਅਤੇ ਲਿੰਗ ਦੇ ਲੋਕਾਂ ਦਾ ਸ਼ੋਸ਼ਣ ਕਰਦਾ, ਅਤੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ, ਆਜ਼ਾਦੀਆਂ ਤੇ ਉਨ੍ਹਾਂ ਦੀ ਮਾਨਵਤਾ ਤੋਂ ਵਾਂਝਿਆਂ ਕਰਦਾ ਹੈ। ਤਸਕਰਾਂ ਦੁਆਰਾ ਕੀਤੇ ਜਾਂਦੇ ਜ਼ਬਰ 'ਚ ਅਕਸਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਰੁੱਧ ਹਿੰਸਾ ਅਤੇ ਧਮਕੀਆਂ ਸ਼ਾਮਲ ਹੁੰਦੀਆਂ ਹਨ।

## ਫੌਰੀ ਤੱਥ

- ਐਲਬਰਟਾ ਦੀ ਸਰਕਾਰ ਨੇ ਮਨੁੱਖੀ ਤਸਕਰੀ ਵਿਰੁੱਧ ਲੜਨ ਵਾਸਤੇ ਨੌਂ-ਨੁਕਾਤੀ ਐਕਸ਼ਨ ਪਲੈਨ ਲਾਗੂ ਕਰਨ ਲਈ ਇਕ ਮਨੋਰਥਪੱਤਰੀ ਵਚਨਬੱਧਤਾ ਬਣਾਈ ਹੈ, ਜਿਸ 'ਚ ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸ ਨਿਯੁਕਤ ਕਰਨ ਦੀ ਵਚਨਬੱਧਤਾ ਸ਼ਾਮਲ ਹੈ।
- ਐਕਸ਼ਨ ਪਲੈਨ ਵਿਚਲੇ ਸਾਰੇ ਨੁਕਤੇ ਜਾਂ ਤਾਂ ਲਾਗੂ ਕੀਤੇ ਜਾ ਚੁੱਕੇ ਹਨ ਜਾਂ ਉਨ੍ਹਾਂ ਨੂੰ ਲਾਗੂ ਕਰਨ ਦਾ ਅਮਲ ਚੱਲ ਰਿਹਾ ਹੈ।
- ਮਾਰਚ ਵਿਚ ਸਰਕਾਰ ਨੇ ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸ ਦੀ ਅੰਤਮ ਰਿਪੋਰਟ ਅਤੇ ਇਸ ਦੀਆਂ ਪੰਜ ਸਿਫਾਰਸ਼ਾਂ ਜਾਰੀ ਕੀਤੀਆਂ।
- ਕੈਨੇਡਾ ਦੀਆਂ ਪੁਲਿਸ ਸੇਵਾਵਾਂ ਨੇ 2010 ਅਤੇ 2020 ਦੇ ਦਰਮਿਆਨ ਮਨੁੱਖੀ ਤਸਕਰੀ ਦੀਆਂ 2,977 ਘਟਨਾਵਾਂ ਰਿਪੋਰਟ ਕੀਤੀਆਂ।
- ਕੈਨੇਡਾ 'ਚ, ਮਨੁੱਖੀ ਤਸਕਰੀ ਦੇ ਪੀੜਤਾਂ ਵਜੋਂ ਮੂਲਵਾਸੀ ਔਰਤਾਂ ਅਤੇ ਲੜਕੀਆਂ ਦੀ ਗਿਣਤੀ ਅਧਿਕ ਹੈ।

## ਸਬੰਧਤ ਜਾਣਕਾਰੀ

- ਐਲਬਰਟਾ ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸ ਰਿਪੋਰਟ

## ਸਬੰਧਤ ਖਬਰਾਂ

- ਮਨੁੱਖੀ ਤਸਕਰੀ ਵਿਰੁੱਧ ਲੜਨਾਂ (27 ਮਾਰਚ 2022)

## ਮਲਟੀਮੀਡੀਆ

- ਨਿਊਜ਼ ਕਾਨਫਰੰਸ  ਵੇਖੋ